ਵਿਸ਼ਾ ਪੰਜਾਬੀ ਜਮਾਤ ਦਸਵੀਂ ਸਾਲ ਮਈ 2020

# ਗੁਰਮਤਿ ਕਾਵਿ ਭਾਈ ਗੁਰਦਾਸ ਜੀ

## (ਪ੍ਰਸੰਗ ਸਹਿਤ ਵਿਆਖਿਆ ਅਤੇ ਕੇਂਦਰੀ ਭਾਵ)



## ਸਤਿਗੁਰ ਨਾਨਕ ਪ੍ਰਗਟਿਆ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ॥

ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ॥

ਜਿਥੈ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ॥

ਸਿਧ ਆਸਣਿ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ॥

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥

ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ॥

ਗੁਰਮੁਖਿ ਕਲਿ ਵਿਚਿ ਪਰਗਟ ਹੋਆ ॥

ਪ੍ਰਸੰਗ :- ਇਹ ਕਾਵਿ ਟੋਟਾ ਭਾਈ ਗੁਰਦਾਸ ਜੀ ਦਾ ਰਚਿਆ ਹੋਇਆ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਸਤਿਗੁਰ ਨਾਨਕ ਪ੍ਰਗਟਿਆ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਭਾਈ ਸਾਹਿਬ ਕਲਯੁਗ ਦੀ ਭਿਆਨਕ ਦੁਰਦਸ਼ਾ ਨੂੰ ਪਿਛੋਕੜ ਵਿੱਚ ਰੱਖਦੇ ਹੋਏ ਦੱਸਦੇ ਹਨ ਕਿ ਇਸ ਦੁਰਦਸ਼ਾ ਦਾ ਉੱਧਾਰ ਕਰਨ ਲਈ ਗੁਰੂ ਨਾਨਕ ਜੀ ਨੇ ਅਵਤਾਰ ਲਿਆ ਤੇ ਉਨ੍ਹਾਂ ਨੇ ਸੰਸਾਰ ਵਿੱਚ ਹਰ ਪਾਸੇ ਚੱਕਰ ਲਾ ਕੇ ਪਾਪਾਂ ਦਾ ਹਨੇਰਾ ਦੂਰ ਕਰ ਦਿੱਤਾ।

ਵਿਆਖਿਆ :- ਭਾਈ ਗੁਰਦਾਸ ਜੀ ਕਹਿੰਦੇ ਹਨ, ਜਦੋਂ ਸਤਿਗੁਰ ਨਾਨਕ ਦੇਵ ਜੀ ਨੇ ਪ੍ਰਕਾਸ਼ ਧਾਰਿਆ ਤਾਂ ਜਗਤ ਵਿੱਚੋ ਅਗਿਆਨ ਦੀ ਧੁੰਦ ਮਿਟ ਗਈ ਤੇ ਗਿਆਨ ਦਾ ਚਾਨਣ ਹੋ ਗਿਆ। ਜਿਸ ਤਰ੍ਹਾਂ ਸੂਰਜ ਦੇ ਨਿਕਲਣ ਨਾਲ਼ ਤਾਰੇ ਛੁਪ ਜਾਂਦੇ ਹਨ ਅਤੇ ਹਨੇਰਾ ਦੂਰ ਹੋ ਜਾਂਦਾ ਹੈ। ਜਿਵੇਂ ਸ਼ੇਰ ਦੀ ਦਹਾੜ ਸੁਣ ਕੇ ਹਿਰਨਾਂ ਦੀ ਡਾਰ ਭੱਜ ਜਾਂਦੀ ਹੋਈ ਧੀਰਜ ਨਹੀਂ ਧਰਦੀ, ਉਸੇ ਤਰ੍ਹਾਂ ਗੁਰੂ ਜੀ ਦਾ ਉਪਦੇਸ਼ ਸੁਣ ਕੇ ਭਰਮੀ-ਵਹਿਮੀ ਠਹਿਰ ਨਹੀਂ ਸਕੇ। ਜਿੱਥੇ ਜਿੱਥੇ ਗੁਰੂ ਜੀ ਨੇ ਚਰਨੇ ਪਰਸੇ ਹਨ, ਉਹ ਸਾਰੀਆਂ ਥਾਵਾਂ ਪੂਜਾ ਦੇ ਯੋਗ ਹੋ ਗਈਆਂ। ਸਾਰੇ ਜਗਤ ਵਿੱਚ ਸਿੱਧਾਂ ਦੇ ਸਥਾਨ, 'ਨਾਨਕ ਮਤੇ ' ਵਾਂਗ ਗੁਰੂ ਨਾਨਕ ਦੇਵ ਜੀ ਦੇ ਹੋ ਗਏ। ਗੁਰੂ ਜੀ ਨੇ ਘਰ ਘਰ ਅੰਦਰ ਧਰਮਸ਼ਾਲਾ ਬਣਾ ਦਿੱਤੀਆਂ ਜਿੱਥੇ ਸਦਾ ਹੀ ਕੀਰਤਨ ਹੁੰਦਾ ਹੈ, ਜਿਵੇਂ ਵਿਸਾਖੀ ਹੋਵੇ। ਗੁਰੂ ਜੀ ਨੇ ਚਾਰੇ ਦਿਸ਼ਾਵਾਂ ਤਾਰ ਦਿੱਤੀਆਂ, ਨੌਂ ਖੰਡਾਂ ਵਾਲ਼ੀ ਪ੍ਰਿਥਵੀ ਦਾ ਸੱਚ ਨਾਲ਼ ਮਿਲਾਪ ਹੋ ਗਿਆ। ਇਸ ਤਰ੍ਹਾਂ ਸਤਿਗੁਰ ਨਾਨਕ ਇੱਕ ਗੁਰਮੁਖ ਦੀ ਤਰ੍ਹਾਂ ਕਲਜੁਗ ਵਿੱਚ ਪ੍ਰਗਟ ਹੋਏ।

## ਦੇਖਿ ਪਰਾਈਆ ਚੰਗੀਆ

ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ।

ਉਸ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।

ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਹਿ ਧਿਙਾਣੈ।

ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ।

ਵਡ ਪਰਤਾਪੁ ਨ ਆਪੁ ਗਣਿ ਕਰਿ ਅਹੰਮੇਉ ਨ ਕਿਸੈ ਰਞਾਣੈ।

ਗੁਰਮੁਖਿ ਸੁਖਫਲ ਪਾਇਆ ਰਾਜੁ ਜੋਗੁ ਰਸ ਰਲੀਆ ਮਾਣੈ।

ਸਾਧਸੰਗਤਿ ਵਿਟਹੁ ਕੁਰਬਾਣੈ ॥

ਪ੍ਰਸੰਗ :- ਇਹ ਪਉੜੀ ਭਾਈ ਗੁਰਦਾਸ ਜੀ ਦੀ ਰਚਨਾ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਦੇਖਿ ਪਰਾਈਆਂ ਚੰਗੀਆਂ' ਸਿਰਲੇਖ ਹੇਠ ਦਰਜ ਹੈ। ਇਸ ਪੌੜੀ ਵਿੱਚ ਭਾਈ ਸਾਹਿਬ ਨੇ ਗੁਰਸਿਖ ਨੂੰ ਨੀਂਹ ਕਚਰੇ ਨੁਕਤੇ ਦੱਸੇ ਹਨ।

ਵਿਆਖਿਆ :- ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਮਨੁੱਖ ਪਰਾਈਆਂ ਸੋਹਣੀਆਂ ਇਸਤਰੀਆਂ ਨੂੰ ਵੇਖ ਕੇ, ਵੱਡੀਆਂ ਨੂੰ ਮਾਂਵਾਂ, ਬਰਾਬਰ ਦੀਆਂ ਨੂੰ ਧੀਆਂ ਜਾਣੇ। ਜੇ ਪਰਾਇਆ ਧਨ ਹੈ , ਉਸ ਨੂੰ ਹਿੰਦੂ ਗਊ ਸਮਝੇ ਤੇ ਮੁਸਲਮਾਨ ਉਸ ਨੂੰ ਸੂਰ ਸਮਝੇ। ਪੁੱਤਰ, ਇਸਤਰੀ ਤੇ ਪਰਿਵਾਰ ਨੂੰ ਵੇਖ ਕੇ ਮੋਹਦੇ ਵੱਸ ਹੋ ਕੇ ਕਿਸੇ ਨਾਲ਼ ਧ੍ਰੋਹ ਤੇ ਧੱਕਾ ਨਾ ਕਰੇ। ਉਸਤਤ ਤੇ ਨਿੰਦਾ ਨੂੰ ਕੰਨਾਂ ਨਾਲ਼ ਸੁਣ ਕੇ ਕਿਸੇ ਨੂੰ ਵੀ ਆਪਣੇ ਤੋਂ ਬੁਰਾ ਕਹਿ ਕੇ ਨਾ ਸੁਣਾਵੇ । ਆਪਣਾ ਵੱਡਾ ਪ੍ਰਤਾਪ ਨਾ ਗਿਣੇ ਅਤੇ ਹੰਕਾਰ ਕਰ ਕੇ ਕਿਸੇ ਨੂੰ ਦੁੱਖ ਨਾ ਦੇਵੇ। ਜੋਂ ਇਸ ਤਰ੍ਹਾਂ ਦੇ ਕਰਮ ਕਰਦਾ ਹੈ, ਉਸ ਨੇ ਸਤਿਗੁਰੂ ਪਾਸੋਂ ਸੁੱਖ ਦੀ ਪ੍ਰਾਪਤੀ ਕਰ ਲਈ ਹੈ ਅਤੇ ਉਹ ਰਾਜ-ਜੋਗ ਦੀਆਂ ਰੰਗ-ਰਲ਼ੀਆਂ ਮਾਣਦਾ ਹੈ। ਮੈਂ ਅਜਿਹੀ ਸਾਧ ਸੰਗਤ ਉੱਪਰੋਂ ਕੁਰਬਾਨ ਜਾਂਦਾ ਹਾਂ, ਜਿਸ ਤੋਂ ਇਹ ਪਦਾਰਥ ਪ੍ਰਾਪਤ ਹੁੰਦੇ ਹਨ।

## ਆਪਿ ਭਲਾ ਸਭੁ ਜਗੁ ਭਲਾ

ਆਪਿ ਭਲਾ ਸਭੁ ਜਗੁ ਭਲਾ ਭਲਾ ਭਲਾ ਸਭਨਾ ਕਰਿ ਦੇਖੈ।

ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ।

ਕਿਸਨੁ ਸਹਾਈ ਪਾਂਡਵਾਂ ਭਾਇ ਭਗਤਿ ਕਰਤੂਤਿ ਵਿਸੇਖੈ।

ਵੈਰ ਭਾਉ ਚਿਤਿ ਕੈਰਵਾਂ ਗਣਤੀ ਗਣਨਿ ਅੰਦਰਿ ਕਾਲੇਖੈ।

ਭਲਾ ਬੁਰਾ ਪਰਵੰਨਿਆ ਭਾਲਣ ਗਏ ਨ ਦਿਸਟਿ ਸਰੇਖੈ।

ਬੁਰਾ ਨਾ ਕੋਈ ਜੁਧਿਸਟਰੈ ਦੁਰਜੋਧਨ ਕੋ ਭਲਾ ਨ ਭੇਖੈ।

ਕਰਵੈ ਹੋਇ ਸੁ ਟੋਟੀ ਰੇਖੈ ॥

ਪ੍ਰਸੰਗ :- ਇਹ ਪਉੜੀ ਭਾਈ ਗੁਰਦਾਸ ਜੀ ਦੀ ਰਚਨਾ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ 'ਆਪਿ ਭਲਾ ਸਭੁ ਜਗੁ ਭਲਾ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਭਾਈ ਸਾਹਿਬ ਦੱਸਦੇ ਹਨ ਕਿ ਹਰ ਇੱਕ ਮਨੁੱਖ ਨੂੰ ਉਸ ਦੀ ਆਪਣੀ ਭਾਵਨਾ ਦਾ ਹੀ ਫਲ ਪ੍ਰਾਪਤ ਹੁੰਦਾ ਹੈ। ਭਲੇ ਨੂੰ ਸਾਰੇ ਭਲੇ ਦਿੱਸਦੇ ਹਨ ਅਤੇ ਬੁਰੇ ਨੂੰ ਸਾਰੇ ਬੁਰੇ ਦਿਸਦੇ ਹਨ।

ਵਿਆਖਿਆ :- ਭਾਈ ਗੁਰਦਾਸ ਜੀ ਕਹਿੰਦੇ ਹਨ, ਜੋ ਆਪ ਭਲਾ ਹੈ, ਉਸ ਦੇ ਭਾਣੇ ਸਾਰਾ ਜਗਤ ਭਲਾ ਹੈ, ਕਿਉਂਕਿ ਭਲਾ ਪੁਰਸ਼ ਸਾਰੇ ਜਗਤ ਨੂੰ ਭਲਾ ਕਰ ਕੇ ਵੇਖਦਾ ਹੈ l ਜੋ ਆਪ ਬੁਰਾ ਹੈ, ਉਸ ਦੇ ਭਾਣੇ ਸਾਰਾ ਜਗਤ ਬੁਰਾ ਹੈ ਕਿਉਂਕਿ ਬੁਰੇ ਦੇ ਲੇਖੇ ਵਿੱਚ ਤਾਂ ਸਭ ਕੋਈ ਬੁਰਾ ਹੈ l ਸ੍ਰੀ ਕ੍ਰਿਸ਼ਨ ਜੀ ਪਾਂਡਵਾਂ ਦੇ ਸਹਾਈ ਹੋਏ ਸਨ , ਕਿਉਂਕਿ ਉਹਨਾਂ ਵਿੱਚ ਪ੍ਰੇਮ ਭਗਤੀ ਕੌਰਵਾਂ ਨਾਲੋਂ ਵਧੀਕ ਸੀ ਅਤੇ ਉਹ ਆਪ ਵੀ ਭਗਤੀ ਵਾਲ਼ੇ ਸਨ l ਕੌਰਵਾਂ ਦੇ ਚਿੱਤ ਵਿੱਚ ਵੈਰ-ਭਾਵ ਸੀ , ਇਸ ਲਈ ਉਹ ਕਾਲ਼ੇ ਦਿਲ ਵਿੱਚ ਬਦਲੇ ਲੈਣ ਦੀਆਂ ਹੀ ਸੋਚਾਂ ਸੋਚਦੇ ਸਨ l ਮੰਨੇ-ਪ੍ਰਮੰਨੇ ਦੋ ਰਾਜੇ ਯੁਧਿਸ਼ਟਰ ਤੇ ਦੁਰਯੋਧਨ, ਬੁਰਾ ਤੇ ਭਲਾ ਪੁਰਸ਼ ਭਾਲਣ ਗਏ ਸਨ ,ਪਰ ਉਹਨਾਂ ਦੋਂਹਾਂ ਦੀ ਦ੍ਰਿਸ਼ਟੀ ਇੱਕੋ ਜਿਹੀ

ਨਹੀਂ ਸੀ। ਯੁਧਿਸ਼ਟਰ ਨੂੰ ਕੋਈ ਬੁਰਾ ਤੇ ਦੁਰਯੋਧਨ ਨੂੰ ਕੋਈ ਭਲਾ ਨਾ ਦਿਸਿਆ । ਗੰਗਾ ਸਾਗਰ ਵਿਚ ਜੋ ਹੁੰਦਾ ਹੈ, ਟੂਟੀ ਦੀ ਧਾਰ ਵਿੱਚੋਂ ਉਹੀ ਨਿਕਲਦਾ ਹੈ।

## ਅਕਿਰਤਘਣ

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।

ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ।

ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।

ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।

ਨਾ ਤਿਸੁ ਭਾਰੇ ਜੀਅਜੰਤ ਅਣਗਣਤ ਫਿਰੰਦੇ।

ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ ॥੮॥

ਪ੍ਰਸੰਗ :- ਇਹ ਪਉੜੀ ਭਾਈ ਗੁਰਦਾਸ ਜੀ ਦੀ ਰਚਨਾ ਹੈ ਅਤੇ ਇਹ 'ਸਾਹਿਤ-ਮਾਲਾ' ਪੁਸਤਕ ਵਿੱਚ ' ਅਕਿਤਘਣ' ਸਿਰਲੇਖ ਹੇਠ ਦਰਜ ਹੈ। ਇਸ ਵਿੱਚ ਭਾਈ ਸਾਹਿਬ ਨੇ ਅਕ੍ਰਿਤਘਣ ਦੀ ਦੁਰਦਸ਼ਾ ਨੂੰ ਬਿਆਨ ਕੀਤਾ ਹੈ।

ਵਿਆਖਿਆ :- ਭਾਈ ਸਾਹਿਬ ਲਿਖਦੇ ਹਨ ਕਿ ਜਿਵੇਂ ਧਰਤੀ ਨੂੰ ਅਸਮਾਨ ਨਾਲ਼ ਖਹਿਣ ਵਾਲ਼ੇ ਪਹਾੜਾਂ ਦਾ ਭਾਰ ਨਹੀ ਲੱਗਦਾ। ਕਿਲ੍ਹੇ ਤੇ ਗੜ੍ਹੀਆਂ, ਘਰ-ਬਾਰ ਜੋ ਦਿਸਦੇ ਹਨ, ਨਾ ਹੀ ਉਸ ਨੂੰ ਇਹ ਭਾਰੇ ਲੱਗਦੇ ਹਨ ਉਸ ਨੂੰ ਵਗਣ ਵਾਲ਼ੇ ਦਰਿਆ, ਤੇ ਸਮੁੰਦਰਾਂ ਦਾ ਭਾਰ ਨਹੀਂ ਲੱਗਦਾ। ਉਸ ਨੂੰ ਫਲ਼ਾਂ-ਫੁੱਲਾਂ ਨਾਲ਼ ਫਲ਼ਨ ਵਾਲੇ ਦਰਖ਼ਤਾਂ ਦਾ ਭਾਰ ਨਹੀਂ ਹੈ । ਉਸ ਨੂੰ ਅਣਗਿਣਤ ਫਿਰ ਰਹੇ ਜੀਆਂ ਜੰਤਾਂ ਦਾ ਵੀ ਭਾਰ ਨਹੀਂ ਹੈ। ਪਰ ਧਰਤੀ ਨੂੰ ਕੀਤਾ ਨਾ ਜਾਣਨ ਵਾਲ਼ੇ (ਅਕ੍ਰਿਤਘਣ) ਬਹੁਤ ਭਾਰੇ ਲਗਦੇ ਹਨ, ਕਿਉਂਕਿ ਅਕ੍ਰਿਤਘਣ ਮੰਦਿਆਂ ਤੋਂ ਵੀ ਵੱਧ ਮੰਦੇ ਹਨ।

## ਕਵਿਤਾਵਾਂ ਦੇ ਕੇਂਦਰੀ ਭਾਵ

### ਸਤਿਗੁਰ ਨਾਨਕ ਪ੍ਰਗਟਿਆ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਸੰਸਾਰ ਵਿੱਚ ਪਸਰੇ ਅਗਿਆਨਤਾ ਦੇ ਹਨੇਰੇ ਤੇ ਪਾਪਾਂ ਦਾ ਨਾਸ਼ ਹੋ ਗਿਆ। ਗੁਰੂ ਜੀ ਨੇ ਥਾਂ ਥਾਂ ਸੱਚ ਅਤੇ ਧਰਮ ਦਾ ਪ੍ਰਚਾਰ ਕੀਤਾ ਤੇ ਇਸ ਪ੍ਰਕਾਰ ਚਾਰੇ ਦਿਸ਼ਾਵਾਂ ਅਤੇ ਨੌਂ ਖੰਡ ਪ੍ਰਿਥਵੀ ਨੂੰ ਉਤਾਰ ਦਿੱਤਾ।

### ਆਪਿ ਭਲਾ ਸਭੁ ਜਗੁ ਭਲਾ

ਭਲੇ ਨੂੰ ਯੁਧਿਸ਼ਟਰ ਵਾਂਗ ਸਾਰਾ ਸੰਸਾਰ ਹੀ ਭਲਾ, ਪਰ ਬੁਰੇ ਨੂੰ ਦੁਰਯੋਧਨ ਵਾਂਗ ਸਾਰਾ ਸੰਸਾਰ ਹੀ ਬੁਰਾ ਦਿਸਦਾ ਹੈ। ਨਾਲ ਹੀ ਹਰ ਇੱਕ ਨੂੰ ਆਪਣੀ ਭਾਵਨਾ ਦਾ ਹੀ ਫਲ ਪ੍ਰਾਪਤ ਹੁੰਦਾ ਹੈ, ਜਿਸ ਕਰਕੇ ਪਾਂਡਵ ਕ੍ਰਿਸ਼ਨ ਜੀ ਦੇ ਪਿਆਰ ਅਤੇ ਤ੍ਰਿਸਕਾਰ ਉਨ੍ਹਾਂ ਦੇ ਪਾਤਰ ਬਣੇ।

### ਅਕਿਤਘਣ

ਧਰਤੀ ਨੂੰ ਉੱਚੇ ਪਹਾੜ, ਸਮੁੰਦਰ, ਨਦੀਆਂ, ਵਾਹੜੇ, ਕੋਟ-ਗੜ੍ਹ, ਘਰ-ਬਾਰ, ਫਲਾਂ ਨਾਲ ਭਰੇ ਰੁੱਖ ਤੇ ਅਣਗਿਣਤ ਜੀਵ-ਜੰਤੂ ਭਾਰ ਨਹੀਂ ਲੱਗਦੇ; ਉਸ ਨੂੰ ਤਾਂ ਕੇਵਲ ਅਕ੍ਰਿਤਘਣ ਭਾਰੇ ਲੱਗਦੇ ਹਨ, ਜੋ ਕਿ ਮੰਦਿਆਂ ਤੋਂ ਵੀ ਮੰਦੇ ਹੁੰਦੇ ਹਨ।

## ਵਸਤੁਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ਸ਼ੇਰ ਦੇ ਬੁੱਕਣ ਨਾਲ ਕਿਸ ਦਾ ਧੀਰਜ ਟੁੱਟ ਜਾਂਦਾ ਹੈ ?

   ਹਿਰਨਾਂ ਦਾ

2. ਗੁਰੂ ਨਾਨਕ ਦੇਵ ਜੀ ਕਿਸੇ ਯੁਗ ਵਿੱਚ ਪ੍ਰਗਟ ਹੋਏ ?

   ਕਲਯੁਗ

3. ਹਿੰਦੂ ਲਈ ਪਰਾਇਆ ਧਨ ਖਾਣਾ ਕਿਸ ਦੇ ਬਰਾਬਰ ਹੁੰਦਾ ਹੈ ?
4. ਗਊ ਦੇ ਮਾਸ ਬਰਾਬਰ ਕੌਣ ਸੁੱਖ ਫਲ ਪ੍ਰਾਪਤ ਕਰਦਾ ਹੈ ਤੇ ਰਾਜਯੋਗ ਦਾ ਰਸ ਮਾਣਦਾ ਹੈ ?

ਗੁਰਮੁਖ

5. ਸਾਰਾ ਸੰਸਾਰ ਕਿਸ ਨੂੰ ਬੁਰਾ ਦਿਸਦਾ ਹੈ ?

ਬੁਰੇ ਨੂੰ

6. ਜਿਹੜਾ ਆਪ ਭਲਾ ਕਰਦਾ ਹੈ ਉਸ ਨੂੰ ਸਾਰਾ ਸੰਸਾਰ ਕਿਹੋ ਜਿਹਾ ਦਿੱਸਦਾ ਹੈ ?

ਭਲਾ